Homework week of 2/16/19

1. From below story, Find Verbs, Pronouns, adjectives then write those in your notebooks

2. Also finish the sheets that we did in Class.

# ਸਭ ਤੋਂ ਬਲਵਾਨ

ਇੱਕ ਸੰਘਣੇ ਜੰਗਲ ਦੇ ਕਿਨਾਰੇ ਇੱਕ ਬਹੁਤ ਵੱਡਾ ਬੋਹੜ ਦਾ ਦਰਖ਼ਤ ਸੀ। ਉਸਦੀਆਂ ਜੜ੍ਹਾਂ ਧਰਤੀ ਵਿੱਚ ਦੂਰ-ਦੂਰ ਤੱਕ ਫੈਲੀਆਂ ਹੋਈਆਂ ਸਨ ਅਤੇ ਉਸਦਾ ਤਣਾ ਬਹੁਤ ਮਜ਼ਬੂਤ ਸੀ। ਉਹ ਦਰਖ਼ਤ ਆਉਂਦੇ ਜਾਂਦੇ ਰਾਹਗੀਰਾਂ ਲਈ ਛਾਂ ਦਾ ਕੰਮ ਦਿੰਦਾ ਸੀ ਅਤੇ ਬਹੁਤ ਸਾਰੇ ਪੰਛੀਆਂ ਅਤੇ ਕੀੜੇ-ਮਕੌੜਿਆਂ ਦਾ ਘਰ ਵੀ ਸੀ। ਬੋਹੜ ਦੀ ਜੜ੍ਹ ਵਿੱਚ ਇੱਕ ਛੋਟਾ ਜਿਹਾ ਬੂਟਾ ਵੀ ਉੱਗ ਰਿਹਾ ਸੀ। ਇਹ ਪੋਦਾ ਬਹੁਤ ਹੀ ਛੋਟਾ ਅਤੇ ਨਰਮ ਸੀ। ਥੋੜ੍ਹੇ ਜਿਹੇ ਹਵਾ ਦੇ ਬੁੱਲ੍ਹੇ ਨਾਲ ਹੀ ਇਹ ਪੋਦਾ ਮੁੜ ਜਾਂਦਾ ਸੀ।



ਇੱਕ ਦਿਨ ਵੱਡਾ ਦਰਖ਼ਤ ਤੇ ਨਿੱਕਾ ਪੋਦਾ ਆਪਸ ਵਿੱਚ ਗੱਲਾਂ ਕਰ ਰਹੇ ਸਨ। ਦਰਖ਼ਤ ਨੇ ਪੌਦੇ ਵੱਲ ਵੇਖਿਆ ਅਤੇ ਕਹਿਣ ਲੱਗਾ, "ਤੂੰ ਇੰਨਾਂ ਛੋਟਾ ਅਤੇ ਕੋਮਲ ਕਿਉਂ ਹੈਂ? ਤੂੰ ਮੇਰੀ ਤਰ੍ਹਾਂ ਆਪਣੀਆਂ ਜੜ੍ਹਾਂ ਧਰਤੀ ਵਿੱਚ ਕਿਉਂ ਨਹੀਂ ਫੈਲਾ ਲੈਂਦਾ ਅਤੇ ਸਿਰ ਉੱਚਾ ਕਰਕੇ ਕਿਉਂ ਨਹੀਂ ਖੜ੍ਹੋਂਦਾ ?"

ਨਿੱਕੇ ਪੌਦੇ ਨੇ ਜਵਾਬ ਦਿੱਤਾ, " ਮੈਨੂੰ ਨਹੀਂ ਲਗਦਾ ਮੈਨੂੰ ਇਸਦੀ ਲੋੜ ਹੈ, ਮੈਂ ਇਸ ਤਰ੍ਹਾਂ ਹੀ ਸੁਰੱਖਿਅਤ ਅਤੇ ਠੀਕ ਹਾਂ।"

"ਸੁਰੱਖਿਅਤ?" ਦਰਖ਼ਤ ਨੇ ਹਸਦੇ ਹੋਏ ਕਿਹਾ," ਤੈਨੂੰ ਲਗਦਾ ਹੈ ਤੂੰ ਮੇਰੇ ਨਾਲੋਂ ਜ਼ਿਆਦਾ ਸੁਰੱਖਿਅਤ ਹੈਂ ?" ਤੈਨੂੰ ਪਤਾ ਹੈ ਮੇਰੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਫੈਲੀਆਂ ਹੋਈਆਂ ਹਨ ਅਤੇ ਮੇਰਾ ਤਣਾ ਕਿੰਨਾਂ ਮਜ਼ਬੂਤ ਹੈ। ਜੇ ਦੋ ਬੰਦੇ ਵੀ ਮੇਰੇ ਆਲੇ-ਦੁਆਲੇ ਬਾਹਵਾਂ ਪਸਾਰਨ ਤਾਂ ਵੀ ਮੈਨੂੰ ਪਕੜ ਨਹੀਂ ਸਕਦੇ, ਮੈਨੂੰ ਇਸ ਧਰਤੀ ਤੋਂ ਕੌਣ ਹਿਲਾ ਸਕਦਾ ਹੈ ?" ਇਹ ਕਹਿ ਕੇ ਬੋਹੜ ਨੇ ਅਭਿਮਾਨ ਨਾਲ ਪੌਦੇ ਤੋਂ ਮੂੰਹ ਪਰੇ ਕਰ ਲਿਆ। ਉਸਨੂੰ ਇਹ ਪਤਾ ਨਹੀਂ ਸੀ ਕਿ ਛੇਤੀ ਹੀ ਉਸਨੂੰ ਆਪਣੇ ਕਹੇ ਸ਼ਬਦਾਂ ਉੱਤੇ ਪਛਤਾਉਣਾ ਪਏਗਾ।

ਇੱਕ ਸ਼ਾਮ ਉਸ ਜੰਗਲ ਵਿੱਚ ਬਹੁਤ ਤੇਜ਼ ਤੂਫਾਨ ਆਇਆ। ਤੂਫਾਨ ਬਹੁਤ ਹੀ ਸ਼ਕਤੀਸ਼ਾਲੀ ਸੀ। ਵੱਡੇ-ਵੱਡੇ ਦਰਖ਼ਤ ਵੀ ਜੜੋਂ ਉੱਖੜ ਕੇ ਡਿੱਗ ਗਏ। ਉਹ ਬੋਹੜ ਦਾ ਦਰਖ਼ਤ ਵੀ ਉੱਖੜ ਕੇ ਇੱਕ ਪਾਸੇ ਡਿੱਗ ਪਿਆ। ਜਦੋਂ ਤੂਫਾਨ ਹਟ ਗਿਆ ਤਾਂ ਉੱਥੇ ਆਏ ਲੋਕਾਂ ਨੇ ਵੇਖਿਆ ਕਿ ਵੱਡਾ ਬੋਹੜ ਦਾ ਦਰਖ਼ਤ ਉੱਖੜ ਕੇ ਡਿੱਗਿਆ ਪਿਆ ਸੀ ਪਰ ਨਿੱਕਾ ਜਿਹਾ ਪੌਦਾ ਸਹੀ ਸਲਾਮਤ ਸੀ। ਤੂਫਾਨ ਆਉਣ ਕਰਕੇ ਉਹ ਇੱਕ ਪਾਸੇ ਨੂੰ ਮੁੜ ਗਿਆ ਸੀ ਪਰ ਤੂਫਾਨ ਬੰਦ ਹੋ ਜਾਣ ਤੇ ਮੁੜ ਆਪਣੀ ਥਾਂ ਤੇ ਸਿੱਧਾ ਖੜ੍ਹਾ ਹੋ ਗਿਆ ਸੀ।

ਇਸ ਤਰ੍ਹਾਂ ਹੰਕਾਰ ਕਰਨ ਵਾਲੇ ਨੂੰ ਸਜ਼ਾ ਮਿਲਦੀ ਹੈ ਅਤੇ ਨਿਮਰਤਾ ਵਿੱਚ ਰਹਿਣ ਵਾਲੇ ਦਾ ਸਦਾ ਸਿਰ ਉੱਚਾ ਹੁੰਦਾ ਹੈ।

Read below essay then write in your own words. 3 paragraphs using 6 -7 lines per paragraph.

## 2. ਸਾਡੀ ਜਮਾਤ ਦਾ ਕਮਰਾ

ਸਾਡੀ ਜਮਾਤ ਦਾ ਕਮਰਾ ਖੁੱਲ੍ਹਾ ਤੇ ਹਵਾਦਾਰ ਹੈ। ਇਹ 24 ਫੁੱਟ ਲੰਮਾ ਤੇ 20 ਫੁੱਟ ਚੌੜਾ ਹੈ। ਇਸ ਦੇ ਦੋ ਦਰਵਾਜ਼ੇ ਤੇ ਚਾਰ ਬਾਰੀਆਂ ਹਨ। ਇਸ ਦਾ ਫ਼ਰਸ਼ ਸੀਮੈਂਟ ਦਾ ਬਣਿਆ ਹੋਇਆ ਹੈ। ਸਾਰੀਆਂ ਕੰਧਾਂ 'ਤੇ ਸਫ਼ੈਦੀ ਕੀਤੀ ਹੋਈ ਹੈ। ਬਾਹਰਲੇ ਪਾਸੇ ਬਰਾਂਡਾ ਹੈ।



ਸਾਡੇ ਕਮਰੇ ਵਿਚ 20 ਡੈੱਸਕ ਤੇ 20 ਕੁਰਸੀਆਂ ਹਨ। ਅਸੀਂ ਬਲੈਕ-ਬੋਰਡ ਵੱਲ ਮੂੰਹ ਕਰਕੇ ਬੈਠਦੇ ਹਾਂ। ਸਾਹਮਣੇ ਮਾਸਟਰ ਜੀ ਦੇ ਬੈਠਣ ਲਈ ਇਕ ਕੁਰਸੀ ਤੇ ਕਿਤਾਬਾਂ ਕਾਪੀਆਂ ਰੱਖਣ ਲਈ ਮੇਜ਼ ਹੈ। ਸਾਹਮਣੀ ਕੰਧ ਵਿਚ ਲਾਇਬ੍ਰੇਰੀ ਦੀਆਂ ਕਿਤਾਬਾਂ, ਹਾਜ਼ਰੀ ਦਾ ਰਜਿਸਟਰ ਤੇ ਕਾਪੀਆਂ ਆਦਿ ਰੱਖਣ ਲਈ ਦੋ ਸਟੀਲ ਦੀਆਂ ਅਲਮਾਰੀਆਂ ਹਨ।

ਸਾਡਾ ਕਮਰਾ ਖ਼ੂਬ ਸਜਿਆ ਹੋਇਆ ਹੈ। ਕੰਧਾਂ ਉੱਤੇ ਬੜੇ ਸੁੰਦਰ ਕੁਦਰਤੀ ਨਜ਼ਾਰਿਆਂ ਦੇ ਚਿੱਤਰ ਹਨ ਅਤੇ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਦੇ ਮਾਟੋ ਵੀ ਲੱਗੇ ਹੋਏ ਹਨ। ਏਸ਼ੀਆ ਅਤੇ ਭਾਰਤ ਦੇ ਨਕਸ਼ੇ ਵੀ ਕੰਧ 'ਤੇ ਲੱਗੇ ਹੋਏ ਹਨ। ਜਮਾਤ ਦਾ ਟਾਈਮ ਟੇਬਲ ਤੇ ਸਿਲੇਬਸ ਵੀ ਕੰਧਾਂ 'ਤੇ ਟੰਗੇ ਹੋਏ ਹਨ।

ਸਾਡੇ ਕਮਰੇ ਵਿਚ ਬਿਜਲੀ ਦੇ ਦੋ ਪੱਖੇ ਲੱਗੇ ਹੋਏ ਹਨ। ਬਿਜਲੀ ਦੀ ਰੋਸ਼ਨੀ ਦਾ ਵੀ ਪ੍ਰਬੰਧ ਹੈ। ਜਦੋਂ ਬੱਦਲਾਂ ਦੇ ਕਾਰਨ ਹਨੇਰਾ ਹੁੰਦਾ ਹੈ ਤਾਂ ਬਿਜਲੀ ਦੇ ਚਾਨਣ ਵਿਚ ਅਸੀਂ ਪੜ੍ਹਦੇ ਹਾਂ।

ਸਾਨੂੰ ਆਪਣਾ ਕਮਰਾ ਬੜਾ ਚੰਗਾ ਲਗਦਾ ਹੈ। ਇਸ ਦੀ ਸਜਾਵਟ ਤੋਂ ਸਾਡੇ ਅਧਿਆਪਕਾਂ ਅਤੇ ਪ੍ਰਿੰਸੀਪਲ ਸਾਹਿਬ ਨੂੰ ਪ੍ਰਸੰਨਤਾ ਹੈ। ਸਫ਼ਾਈ ਦਾ ਅਸੀਂ ਏਨਾ ਧਿਆਨ ਰੱਖਦੇ ਹਾਂ ਕਿ ਵੇਖਿਆਂ ਭੁੱਖ ਲਹਿੰਦੀ ਹੈ।

## Virsa and Gurubani homework

1. Please check your notebooks for history questions, sakhi , comprehensive and Japji Sahib.